Orders

75- School Uniforms
(Order of Commission)

**ਦਫਤਰ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ, ਵਣ ਭਵਨ, ਦੂਜੀ ਮੰਜਿਲ, ਟਾਵਰ-4, ਸੈਕਟਰ-68,ਐਸ.ਏ.ਐਸ.ਨਗਰ,ਮੁਹਾਲੀ ਫੋਨ ਨੰ:0172-2298093**

**Email ID scpcrpunjab@gmail.com**

ਹਰੀ ਚੰਦ, ਐਡਵੋਕੇਟ ਪੁੱਤਰ ਸ੍ਰੀ ਲੇਟ ਸ੍ਰੀ ਸੁੰਦਰ ਦਾਸ,
ਵਾਸੀ ਮਕਾਨ ਨੰ: 2299, ਸੈਕਟਰ 44-ਸੀ, ਚੰਡੀਗੜ੍ਹ।

ਸ਼ਿਕਾਇਤਕਰਤਾ

ਬਨਾਮ

ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ ਅਤੇ ਹੋਰ

ਜਵਾਬਦੇਹ

ਸ਼ਿਕਾਇਤ ਡ.ਨੰ: 131//2019,

ਮਿਤੀ 15.04.2019

ਹੁੱਕਮ:

ਸ੍ਰੀ ਹਰੀ ਚੰਦ, ਐਡਵੋਕੇਟ ਵਲੋਂ ਆਪਣੇ ਵਕੀਲ ਸ੍ਰੀ ਜੇ.ਐਸ.ਰਾਣਾ ਰਾਹੀਂ Punjab State Commission for Protection of Child Right ਵਿੱਚ ਮਿਤੀ 15.4.2019 ਨੂੰ ਸ਼ਿਕਾਇਤ ਦਿੱਤੀ ਸੀ ਕਿ ਪੰਜਾਬ ਸਰਕਾਰ ਵਲੋਂ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਸਬ ਸਟੈਂਡਰਡ ਵਰਦੀਆਂ ਵੰਡ ਕੇ ਬੱਚਿਆਂ ਨਾਲ ਗੈਰ ਮਨੁੱਖੀ, ਨਿਰਦਈ ਅਤੇ ਅਭੱਦਰ ਵਤੀਰਾਂ ਅਪਣਾਇਆ ਗਿਆ ਹੈ ਅਤੇ ਇਹ ਵਰਦੀਆਂ ਸਰਦੀਆਂ ਦਾ ਸੈਸ਼ਨ ਖਤਮ ਹੋਣ ਤੇ ਅਪ੍ਰੈਲ, 2019 ਦੌਰਾਨ ਦਿੱਤੀਆਂ ਗਈਆਂ ਹਨ, ਜੋ ਕਿ ਬੱਚਿਆਂ ਦੇ ਨਾਪ ਦੀਆਂ ਨਾ ਹੋਣ ਕਰਕੇ ਉਹਨਾਂ ਨੂੰ ਵਰਦੀਆਂ ਆਪਣੇ ਨਾਪ ਦੀਆਂ ਬਣਵਾਉਣ ਲਈ ਖਰਚ ਕਰਨਾ ਪੈ ਰਿਹਾ ਹੈ। ਇਸ ਸਬੰਧ ਵਿੱਚ ਸ਼ਿਕਾਇਤਕਰਤਾ ਵਲੋਂ ਮਿਤੀ 6.4.2019 ਨੂੰ ਅਖਬਾਰਾਂ ਵਿੱਚ ਛਪੀ ਖਬਰ ਵੀ ਨੱਥੀ ਕੀਤੀ ਗਈ ਸੀ। ਪਟੀਸ਼ਨਰ ਵਲੋਂ ਇਸ ਸਬੰਧ ਵਿੱਚ ਹਾਈ ਲੈਵਲ ਇਨਕੁਆਰੀ ਕਰਾਉਣ ਅਤੇ ਸਿੱਖਿਆ ਵਿਭਾਗ ਦੇ ਸਬੰਧਤ ਅਧਿਕਾਰੀਆਂ ਕਰਮਚਾਰੀਆਂ ਖਿਲਾਫ ਬਣਦੀ ਕਾਨੂੰਨੀ-ਵਿਭਾਗੀ ਕਾਰਵਾਈ ਕਰਨ ਸਬੰਧੀ ਲਿਖਿਆ ਗਿਆ ਸੀ ਅਤੇ ਸਪਲਾਈ ਕੀਤੀਆਂ ਵਰਦੀਆਂ ਸਰਕਾਰੀ ਖਰਚੇ ਤੇ ਦਰੁਸਤ ਕਰਵਾਂ ਕੇ ਦੁਬਾਰਾ ਬੱਚਿਆਂ ਨੂੰ ਦੇਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਜਾਣ।

ਸਕੂਲ ਸਿੱਖਿਆ ਵਿਭਾਗ ਵਲੋਂ ਸ੍ਰੀ ਮਨੋਜ ਕੁਮਾਰ, ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ ਸਮਗਰਾ ਸਿੱਖਿਆ ਅਭਿਆਨ ਅਥਾਰਟੀ (SAMAGRA) ਵਲੋਂ ਹਸਤਾਖਰਿਤ ਜਵਾਬਦਾਵਾ ਮਿਤੀ 11.07.2019 ਕਮਿਸ਼ਨ ਵਿਖੇ ਪੇਸ਼ ਕੀਤਾ ਗਿਆ ਜਿਸ ਵਿੱਚ ਦੱਸਿਆ ਗਿਆ ਕਿ ਸਮਗਰਾ ਸਿੱਖਿਆ ਅਭਿਆਨ ਅਥਾਰਟੀ (SAMAGRA), ਪੰਜਾਬ ਜੋ ਕਿ ਰਜਿਸਟਰੇਸ਼ਨ ਐਕਟ, 1960 ਅਧੀਨ ਰਜਿਸਟਰਡ ਸੋਸਾਇਟੀ ਹੈ, ਅਧੀਨ ਪਹਿਲੀ ਕਲਾਸ ਤੋਂ ਅੱਠਵੀਂ ਕਲਾਸ ਦੀਆਂ ਸਾਰੀਆਂ ਲੜਕੀਆਂ ਨੂੰ ਅਤੇ SC/ST/BPL ਵਿਦਿਆਰਥੀ ਲੜਕੇ ਜੋ ਕਿ ਸਰਕਾਰੀ ਸਕੂਲ ਦੇ ਵਿਦਿਆਰਥੀ ਹਨ ਨੂੰ @600/- ਰੁਪਏ ਵਰਦੀਆਂ ਲਈ ਦਿੱਤੇ ਜਾਣੇ ਸਨ। ਇਸ ਸਬੰਧੀ ਵਿਭਾਗ ਵਲੋਂ ਸਮੂਹ ਜਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਅਗਸਤ, 2019 ਵਿੱਚ ਹਦਾਇਤ ਕੀਤੀ ਗਈ ਕਿ ਯੋਗ ਬੱਚਿਆਂ ਦੇ ਬੈਂਕ ਅਕਾਉਂਟ ਖੁਲਵਾਏ ਜਾਣ ਤਾਂ

Scanned by CamScanner

ਜੋ ਨਿਸ਼ਚਿਤ ਰਾਸ਼ੀ ਉਹਨਾਂ ਦੇ ਬੈਂਕ ਖਾਤਿਆਂ ਵਿੱਚ ਭੇਜੀ ਜਾ ਸਕੇ ਪ੍ਰੰਤੂ ਪੇਂਡੂ ਖੇਤਰਾਂ ਵਿੱਚ ਬੈਕਾਂ ਦੀਆਂ ਸੇਵਾਵਾਂ ਨਾ ਹੋਣ ਕਾਰਨ ਖਾਤੇ ਨਹੀਂ ਖੁਲਵਾਏ ਜਾ ਸਕੇ ਜਿਸ ਕਰਕੇ ਵਿਭਾਗ ਵਲੋਂ ਟੈਂਡਰ ਰਾਹੀ ਵਰਦੀਆਂ ਖਰੀਦਣ ਦਾ ਫੈਸਲਾ ਲਿਆ ਗਿਆ। ਇਸ ਸਬੰਧੀ ਨਵੰਬਰ 2018 ਵਿੱਚ ਟੈਂਡਰ ਕੱਢਿਆ ਗਿਆ ਪ੍ਰੰਤੂ ਕੋਈ ਵੀ ਬਿਡ ਪ੍ਰਾਪਤ ਨਹੀ ਹੋਈ।

ਉਹਨਾਂ ਵਲੋਂ ਇਹ ਦੱਸਿਆ ਗਿਆ ਕਿ ਸਮਗਰਾ ਸਿੱਖਿਆ ਅਭਿਆਨ ਅਥਾਰਟੀ (SAMAGRA), ਪੰਜਾਬ ਵਲੋਂ ਸਕੂਲ ਮੈਨੇਜਮੈਂਟ ਕਮੇਟੀ (SMC) ਪੱਧਰ ਤੇ ਵਰਦੀਆਂ ਖਰੀਦਣ ਸਬੰਧੀ ਫੈਸਲਾ ਲਿਆ ਗਿਆ ਅਤੇ ਇਸ ਸਬੰਧੀ ਪੱਤਰ ਨੰ: 115998 ਮਿਤੀ 31.12.2018 ਰਾਹੀਂ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ, ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਤੇ ਸਮੂਹ ਸਕੂਲਾਂ ਦੇ ਮੁਖੀਆਂ/ਪ੍ਰਿੰਸੀਪਲਾਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ।

ਉਹਨਾਂ ਵਲੋਂ ਇਹ ਵੀ ਦੱਸਿਆ ਗਿਆ ਕਿ ਇਸ ਸਬੰਧੀ ਸਿੱਖਿਆ ਮੰਤਰੀ, ਪੰਜਾਬ ਦੇ ਦਫ਼ਤਰ ਵਿੱਚ ਸ਼ਿਕਾਇਤਾਂ ਪ੍ਰਾਪਤ ਹੋਣ ਕਾਰਨ ਜਾਰੀ ਕੀਤੀਆਂ ਗਈਆਂ ਹਦਾਇਤਾਂ ਮਿਤੀ 31.12.2018 ਵਾਪਿਸ ਲੈ ਲਈਆਂ ਗਈਆਂ ਅਤੇ ਵਿਭਾਗ ਵਲੋਂ ਦੋਬਾਰਾ 10.01.2019 ਨੂੰ short term e-tender ਦਿੱਤਾ ਗਿਆ ਜੋ ਕਿ Insufficient bidders ਕਾਰਨ ਪੂਰਾ ਨਹੀਂ ਹੋ ਸਕਿਆ।

ਇਸ ਉਪਰੰਤ ਸਿੱਖਿਆ ਵਿਭਾਗ ਵਲੋਂ ਮਿਤੀ 02.02.2019 ਨੂੰ ਦੋਬਾਰਾ e-tender ਦਿੱਤਾ ਗਿਆ ਅਤੇ ਇਸ ਸਬੰਧੀ ਤਿੰਨ ਅਲੱਗ-ਅਲੱਗ ਫਰਮਾਂ ਨੂੰ ਕੰਮ ਸੌਂਪਿਆ ਗਿਆ ਅਤੇ ਵਰਦੀਆਂ ਦੀ ਕੁਆਲਟੀ ਦਾ ਨਰੀਖਣ ਕਰਨ ਸਬੰਧੀ ਨਰੀਖਣ ਟੀਮਾਂ ਬਣਾਈਆਂ ਗਈਆ ਜਿਨ੍ਹਾਂ ਨੇ ਵਰਦੀਆਂ ਦੀਆਂ randomly ਸੈਂਪਲ ਲੈ ਕੇ ਭੇਜੇ ਗਏ ਅਤੇ ਸਬੰਧਤ ਫਰਮਾਂ ਦੀ 15% ਰਾਸ਼ੀ ਰੋਕੀ ਗਈ ਹੈ ਜੋ ਕਿ ਤਸੱਲੀਬਖਸ਼ ਲੈਬ ਟੈਸਟ ਰਿਪੋਰਟ ਜੋ ਕਿ ਸਿੱਖਿਆ ਵਿਭਾਗ ਵਲੋਂ ਨਿਰਧਾਰਤ ਮਾਪਦੰਡਾਂ ਅਨੁਸਾਰ ਆਉਣ ਉਪਰੰਤ ਰਲੀਜ਼ ਕੀਤੀ ਜਾਵੇਗੀ। ਸਿੱਖਿਆ ਵਿਭਾਗ ਵਲੋਂ ਯੋਗ ਬੱਚਿਆਂ ਨੂੰ ਵਰਦੀਆਂ ਦੀ ਵੰਡ ਕੀਤੀ ਜਾ ਚੁੱਕੀ ਹੈ। ਸਿੱਖਿਆ ਵਿਭਾਗ ਵਲੋਂ ਆਪਣੇ ਦਾਇਰ ਕੀਤੇ ਜਵਾਬਦਾਵੇ ਵਿੱਚ ਦੱਸਿਆ ਕਿ ਬੱਚਿਆ ਨੂੰ ਵੰਡੀਆਂ ਵਰਦੀਆਂ ਦੇ ਨਾਪ ਸਬੰਧੀ 182, ਸ਼ਿਕਾਇਤਾਂ ਪ੍ਰਾਪਤ ਹੋਈਆ ਸਨ ਅਤੇ ਵਧੇਰੇ ਸ਼ਿਕਾਇਤਾਂ ਜਿਲ੍ਹਾ ਮੁਕਤਸਰ ਸਾਹਿਬ ਅਤੇ ਮਾਨਸਾ ਨਾਲ ਸਬੰਧਤ ਸਨ। ਇਸ ਸਬੰਧੀ ਜਿਲ੍ਹਾ ਮੁਕਤਸਰ ਸਾਹਿਬ ਵਿੱਚ ਵਧੇਰੇ ਸ਼ਿਕਾਇਤਾਂ ਦਾ ਨਿਪਟਾਰਾ ਸਬੰਧਤ ਫਰਮ ਵਲੋਂ, ਬੱਚਿਆਂ ਨੂੰ ਉਹਨਾਂ ਦੀਆਂ ਵਰਦੀਆਂ ਬਦਲ ਕੇ ਦੇਣ ਨਾਲ, ਕਰ ਦਿੱਤਾ ਗਿਆ ਹੈ ਅਤੇ ਬਾਕੀਆਂ ਦਾ ਵਰਦੀਆਂ ਬਦਲਣ ਦਾ ਕੰਮ ਪ੍ਰੋਸੈੱਸ ਅਧੀਨ ਹੈ। ਵਿਭਾਗ ਵਲੋਂ ਇਨ੍ਹਾਂ ਫਰਮਾਂ ਦੇ ਬਕਾਏ ਵਰਦੀਆਂ ਬਦਲਣ ਤੱਕ ਰੋਕ ਕੇ ਰੱਖੇ ਹੋਏ ਹਨ ਅਤੇ ਪੂਰੀ ਤਸੱਲੀ ਹੋਣ ਅਤੇ ਹਰੇਕ ਜਿਲ੍ਹੇ ਵਿੱਚ ਠੀਕ ਮਾਪ ਦੀਆਂ ਵਰਦੀਆਂ ਵੰਡਣ ਉਪਰੰਤ ਹੀ ਬਕਾਇਆ ਰਾਸ਼ੀ ਸਬੰਧਤ ਫਰਮਾਂ ਨੂੰ ਜਾਰੀ ਕੀਤੀ ਜਾਵੇਗੀ। ਜਿੱਥੋ ਤੱਕ ਪ੍ਰਾਇਮਰੀ ਸਕੂਲਾਂ ਵਿੱਚ ਲੜਕੀਆਂ-ਵਿਦਿਆਰਥਣਾਂ ਨੂੰ ਪੈਂਟਾ ਅਤੇ ਕਮੀਜਾਂ ਪ੍ਰਦਾਨ ਕਰਨ ਦਾ ਸਬੰਧ ਹੈ ਇਸ ਸਬੰਧੀ ਬੱਚਿਆਂ ਦੇ ਮਾਪਿਆਂ ਵਲੋਂ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ ਹੈ।

ਇਸ ਵਿਸ਼ੇ ਸਬੰਧੀ ਸ਼ਿਕਾਇਤਕਰਤਾ ਨੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਸਿਵਲ ਰਿੱਟ ਪਟੀਸ਼ਨ ਨੰਬਰ 1045 ਆਫ 2018-ਹਰੀ ਚੰਦ ਬਨਾਮ ਸਟੇਟ ਆਫ ਪੰਜਾਬ ਅਤੇ ਹੋਰ ਦਾਇਰ ਕੀਤੀ ਜਿਸ ਵਿੱਚ ਮਾਨਯੋਗ ਕੋਰਟ ਦੇ ਹੁੱਕਮ ਮਿਤੀ 14.12.2018 ਰਾਹੀਂ ਰਿਸਪਾਡੈਂਟਸ ਨੂੰ

Scanned by CamScanner

2 ਹਫਤਿਆਂ ਵਿੱਚ ਮੂੰਹ ਬੋਲਦੇ ਹੁੱਕਮ ਜਾਰੀ ਕਰਨ ਦੇ ਹੁੱਕਮ ਦਿੱਤੇ ਗਏ ਸਨ ਜਿਸ ਦੀ ਪਾਲਣਾ ਵਿੱਚ ਵਿਭਾਗ ਵਲੋਂ ਮਿਤੀ 29.01.2019 ਰਾਹੀਂ ਮੂੰਹ ਬੋਲਦੇ ਹੁੱਕਮ ਜਾਰੀ ਕਰ ਦਿੱਤੇ ਗਏ ਸਨ। ਇਸ ਉਪਰੰਤ ਸ਼ਿਕਾਇਤਕਰਤਾ ਵਲੋਂ ਦਾਇਰ ਕੀਤੀ COCP ਨੰਬਰ 281 ਆਫ 2019 ਵੀ ਮਾਨਯੋਗ ਹਾਈ ਕੋਰਟ ਵਲੋਂ ਹੁੱਕਮ ਮਿਤੀ 30.04.2019 ਰਾਹੀਂ ਡਿਸਮਿਸ ਕਰ ਦਿੱਤੀ ਗਈ ਸੀ।

ਦੋਨਾਂ ਧਿਰਾਂ ਨੂੰ ਸੁਣਨ ਉਪਰੰਤ ਕਮਿਸ਼ਨ ਇਸ ਨਤੀਜੇ ਤੇ ਪੁੱਜਾ ਹੈ ਕਿ ਵਿਭਾਗ ਵਲੋਂ, ਸਰਕਾਰੀ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਅਠਵੀਂ ਜਮਾਤ ਤੱਕ ਦੀਆਂ ਸਾਰੀਆਂ ਲੜਕੀਆਂ ਅਤੇ SC/ST/BPL ਲੜਕੇ ਵਿਦਿਆਰਥੀਆਂ ਨੂੰ ਵਰਦੀਆਂ ਵੰਡਣ ਸਬੰਧੀ ਲੋੜੀਦੇ ਕਦਮ ਚੁੱਕੇ ਗਏ ਹਨ ਅਤੇ ਕਈ ਜਿਲ੍ਹਿਆਂ ਵਿੱਚ ਬੱਚਿਆਂ ਨੂੰ ਉਹਨਾਂ ਦੇ ਨਾਪ ਦੀਆਂ ਵਰਦੀਆਂ ਨਾ ਮਿਲਣ ਸਬੰਧੀ ਸ਼ਿਕਾਇਤਾਂ ਦਾ ਨਿਪਟਾਰਾ ਵੀ ਕਾਫੀ ਹੱਦ ਤੱਕ ਕੀਤਾ ਜਾ ਚੁੱਕਾ ਹੈ ਇਸ ਲਈ ਕਮਿਸ਼ਨ, ਵਿਭਾਗ ਨੂੰ ਹਦਾਇਤ ਕਰਦਾ ਹੈ ਕਿ ਜਿਨ੍ਹਾਂ ਬੱਚਿਆਂ ਨੂੰ ਉਹਨਾਂ ਦੇ ਨਾਪ ਦੀਆਂ ਵਰਦੀਆਂ ਅਜੇ ਤੱਕ ਉਪਲਬਧ ਨਹੀਂ ਕਰਵਾਈਆਂ ਗਈਆਂ ਜਾਂ ਉਹਨਾ ਦੀਆਂ ਵਰਦੀਆਂ ਬਦਲਣ ਦੀਆਂ ਸ਼ਿਕਾਇਤਾਂ ਪੈਡਿੰਗ ਪਈਆਂ ਹਨ, ਨੂੰ ਇਕ ਮਹੀਨੇ ਦੇ ਅੰਦਰ-ਅੰਦਰ ਬਦਲੀਆਂ ਜਾਣ ਅਤੇ ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਸ਼ਿਕਾਇਤਾਂ ਦਾ ਨਿਪਟਾਰਾ ਹੋਣ ਤੋਂ ਪਹਿਲਾਂ ਫਰਮਾਂ ਨੂੰ ਕੋਈ ਅਦਾਇਗੀ ਨਾ ਕੀਤੀ ਜਾਵੇ। ਸਕੂਲ ਸਿੱਖਿਆ ਵਿਭਾਗ ਵਲੋਂ ਸ਼ਿਕਾਇਤ ਵਿੱਚ ਦਰਜ ਸਾਰੇ ਪਹਿਲੂਆਂ ਤੇ ਢੁਕਵੇਂ ਕਦਮ ਚੁੱਕੇ ਗਏ ਹਨ। ਫਿਰ ਵੀ ਸਕੂਲ ਸਿੱਖਿਆ ਵਿਭਾਗ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਬੱਚਿਆਂ ਦੇ ਭਵਿੱਖ ਨੂੰ ਮੁੱਖ ਰੱਖਦੇ ਹੋਏ ਇਹਨਾ ਅਣਗਹਿਲੀਆਂ ਤੋਂ ਬਚਨ ਲਈ ਢੁਕਵੇਂ ਕਦਮ ਚੁੱਕੇ ਜਾਣ ਤਾਂ ਜੋ ਭਵਿੱਖ ਵਿੱਚ ਅਜਿਹੀ ਸਥਿੱਤੀ ਦਾ ਸਾਹਮਣਾ ਨਾ ਕਰਨਾ ਪਏ ਅਤੇ ਬੱਚਿਆਂ ਨੂੰ ਸੇਹਤਮੰਦ ਵਾਤਾਵਰਨ ਮੁਹੱਈਆ ਕਰਵਾਇਆ ਜਾ ਸਕੇ।

ਮਿਤੀ: 09.08.2019

ਚੇਅਰਪਰਸਨ

ਪਿੱਠ ਅੰਕਣ ਡ.ਨੰ: 131/2019/834-36 ਮਿਤੀ: 14.08.2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ/ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।
2. ਸ੍ਰੀ ਮਨੋਜ ਕੁਮਾਰ, ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ, ਸਮਗਰਾ ਸਿੱਖਿਆ ਅਭਿਆਨ ਅਥਾਰਟੀ (SAMAGRA), ਸਿੱਖਿਆ ਭਵਨ, ਫੇਜ-8, ਐਸ.ਏ.ਐਸ ਨਗਰ।
3. ਹਰੀ ਚੰਦ, ਐਡਵੋਕੇਟ ਪੁੱਤਰ ਸ੍ਰੀ ਲੇਟ ਸ੍ਰੀ ਸੁੰਦਰ ਦਾਸ, ਵਾਸੀ ਮਕਾਨ ਨੰ: 2299, ਸੈਕਟਰ 44-ਸੀ, ਚੰਡੀਗੜ੍ਹ।

ਚੇਅਰਪਰਸਨ

Scanned by CamScanner